# ਨਾਨਕਸ਼ਾਹੀ ਜੰਤਰੀ ਸੰਮਤ ੫੫੬

(ਸੰਨ 2024-25)







ਸ੍ਰੀ ਗੁਰੂ ਅਮਰਦਾਸ ਜੀ ਦੇ ੪੫੦ ਸਾਲਾ ਜੋਤੀ-ਜੋਤਿ ਦਿਵਸ ਨੂੰ ਸਮਰਪਿਤ

ਪ੍ਰਕਾਸ਼ਕ : ਸਕੱਤਰ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੀ ਗੋਲਡਨ ਆਫ਼ਸੈੱਟ ਪ੍ਰੈੱਸ ਤੋਂ ਛਪੇ ਹੋਏ

# ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

## (ਪਦ-ਛੇਦ ਅਤੇ ਲੜੀਵਾਰ ਪਾਵਨ ਸਰੂਪ)

ਸਮੂਹ ਸਿੱਖ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਚਵਰ ਤਖ਼ਤ ਦੇ ਮਾਲਕ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਪ੍ਰਾਪਤ ਕਰਨ ਸਮੇਂ ਸਤਿਗੁਰਾਂ ਨੂੰ ਪੂਰਨ ਅਦਬ-ਸਤਿਕਾਰ ਦਿੱਤਾ ਜਾਵੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੋਏ ਆਦੇਸ਼ (ਦਿਸ਼ਾ- ਨਿਰਦੇਸ਼) 'ਤੇ ਅਮਲ ਕੀਤਾ/ਕਰਵਾਇਆ ਜਾਵੇ!

1. ਪਾਵਨ ਸਰੂਪ ਪ੍ਰਾਪਤ ਕਰਨ ਸਮੇਂ ਪ੍ਰਣ-ਪੱਤਰ ਵਿਚ ਗੁਰਦੁਆਰਾ ਸਾਹਿਬ ਵਿਖੇ ਪਹਿਲਾਂ ਬਿਰਾਜਮਾਨ ਪਾਵਨ ਸਰੂਪਾਂ ਦਾ ਵੇਰਵਾ ਅੰਕਿਤ ਕੀਤਾ ਜਾਵੇ ਅਤੇ ਲੋੜੀਂਦੇ ਪਾਵਨ ਸਰੂਪ ਸੰਬੰਧੀ ਧਰਮ ਪ੍ਰਚਾਰ ਕਮੇਟੀ ਦੇ ਹਲਕਾ ਪ੍ਰਚਾਰਕ ਦੀ ਰਿਪੋਰਟ ਸਹਿਤ ਹਲਕੇ ਦੇ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਮੈਂਬਰ, ਧਰਮ ਪ੍ਰਚਾਰ ਕਮੇਟੀ ਪਾਸੋਂ ਤਸਦੀਕ ਜ਼ਰੂਰ ਕਰਵਾ ਕੇ ਲਿਆਂਦੀ ਜਾਵੇ।
2. ਪਾਵਨ ਸਰੂਪ ਪ੍ਰਾਪਤ ਕਰਨ ਸਮੇਂ ਘੱਟੋ-ਘੱਟ ਪੰਜ ਸਿੰਘ (ਸਾਬਤ ਸੂਰਤ) ਨਾਲ ਜ਼ਰੂਰ ਲਿਆਂਦੇ ਜਾਣ।
3. ਪਾਵਨ ਸਰੂਪ ਬਿਰਾਜਮਾਨ ਕਰਨ ਲਈ ਲੋੜ ਅਨੁਸਾਰ ਪੀੜ੍ਹਾ ਸਾਹਿਬ, ਚੌਰ ਸਾਹਿਬ ਅਤੇ ਚੰਦੋਆ ਸਾਹਿਬ ਦਾ ਪ੍ਰਬੰਧ ਕੀਤਾ ਜਾਵੇ।
4. ਪਾਵਨ ਸਰੂਪ ਬਿਰਾਜਮਾਨ ਕਰਨ ਵਾਲੇ ਸਾਧਨ (ਗੱਡੀ) ਦੀ ਸਾਫ਼-ਸਫ਼ਾਈ ਵੱਲ ਉਚੇਚਾ ਧਿਆਨ ਦਿੱਤਾ ਜਾਵੇ।
5. ਬਿਰਧ ਪਾਵਨ ਸਰੂਪ (ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ) ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ, ਗੁਰਦੁਆਰਾ ਸ੍ਰੀ ਬਾਉਲੀ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ (ਤਰਨਤਾਰਨ) ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਆਉਂਦੇ ਕਿਸੇ ਵੀ ਨੇੜੇ ਦੇ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਵਿਖੇ ਹੀ ਸਤਿਕਾਰ ਸਹਿਤ ਭੇਜੇ ਜਾਇਆ ਕਰਨ।
6. ਪਾਵਨ ਸਰੂਪ (ਐਤਵਾਰ ਅਤੇ ਦਿਨ-ਦਿਹਾਰ ਦੀਆਂ ਪ੍ਰਵਾਨਿਤ ਛੁੱਟੀਆਂ ਤੋਂ ਇਲਾਵਾ) ਕਿਸੇ ਵੀ ਕੰਮ-ਕਾਰ ਵਾਲੇ ਦਿਨ ਸਵੇਰੇ 9:30 ਤੋਂ ਸ਼ਾਮ 4:30 ਵਜੇ ਤੀਕ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ (ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ), ਸ੍ਰੀ ਅੰਮ੍ਰਿਤਸਰ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਪਾਸੋਂ ਪ੍ਰਾਪਤ ਕੀਤੇ ਜਾ ਸਕਦੇ ਹਨ।

ਪਾਵਨ ਸਰੂਪ ਪ੍ਰਾਪਤ ਕਰਨ ਲਈ ਮੰਗ ਪੱਤ੍ਰਿਕਾ 'ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ' ਨੂੰ ਭੇਜੀ ਜਾਵੇ।

## ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਵਧੇਰੇ ਜਾਣਕਾਰੀ ਲਈ ਫੋਨ : +91 183 255 3956-60 ਜਾਂ 253 4327, ਫੈਕਸ: 255 3919 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਬਾਰਹ ਮਾਹਾ ਮਾਂਝ

**ਚੇਤਿ** ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥ ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥ ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥ ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥ ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥ ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥ ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥ ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥ ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥੨॥

## ਬਾਰਹ ਮਾਹਾ ਤੁਖਾਰੀ

**ਚੇਤੁ** ਬਸੰਤੁ ਭਲਾ ਭਵਰ ਸੁਹਾਵੜੇ॥ ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥ ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ॥ ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥ ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ॥ ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ॥੫॥

# ਮਾਰਚ-ਅਪ੍ਰੈਲ 2024

## ਚੇਤ

ਸੰਗਰਾਂਦ – ੦੧ ਚੇਤ / 14 ਮਾਰਚ
ਪੂਰਨਮਾਸੀ – ੧੨ ਚੇਤ / 25 ਮਾਰਚ
ਮੱਸਿਆ – ੨੬ ਚੇਤ / 08 ਅਪ੍ਰੈਲ

| | | | | | |
|---|---|---|---|---|---|
| ਐਤਵਾਰ Sunday | | ੪ 17 ਮਾਰਚ | ੧੧ 24 ਮਾਰਚ | ੧੮ 31 ਮਾਰਚ | ੨੫ 7 ਅਪ੍ਰੈਲ |
| ਸੋਮਵਾਰ Monday | | ੫ 18 ਮਾਰਚ | ੧੨ 25 ਮਾਰਚ | ੧੯ 1 ਅਪ੍ਰੈਲ | ੨੬ 8 ਅਪ੍ਰੈਲ |
| ਮੰਗਲਵਾਰ Tuesday | | ੬ 19 ਮਾਰਚ | ੧੩ 26 ਮਾਰਚ | ੨੦ 2 ਅਪ੍ਰੈਲ | ੨੭ 9 ਅਪ੍ਰੈਲ |
| ਬੁੱਧਵਾਰ Wednesday | | ੭ ੨੦ ਮਾਰਚ | ੧੪ ੨੭ ਮਾਰਚ | ੨੧ ੩ ਅਪ੍ਰੈਲ | ੨੮ ੧੦ ਅਪ੍ਰੈਲ |
| ਵੀਰਵਾਰ Thursday | ੧ 14 ਮਾਰਚ | ੮ 21 ਮਾਰਚ | ੧੫ 28 ਮਾਰਚ | ੨੨ 4 ਅਪ੍ਰੈਲ | ੨੯ 11 ਅਪ੍ਰੈਲ |
| ਸ਼ੁੱਕਰਵਾਰ Friday | ੨ 15 ਮਾਰਚ | ੯ 22 ਮਾਰਚ | ੧੬ 29 ਮਾਰਚ | ੨੩ 5 ਅਪ੍ਰੈਲ | ੩੦ 12 ਅਪ੍ਰੈਲ |
| ਸ਼ਨਿੱਚਰਵਾਰ Saturday | ੩ 16 ਮਾਰਚ | ੧੦ 23 ਮਾਰਚ | ੧੭ 30 ਮਾਰਚ | ੨੪ 6 ਅਪ੍ਰੈਲ | |

## ਗੁਰਪੁਰਬ

| | |
|---|---|
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | ੨੫ ਚੇਤ |
| ਗੁਰਿਆਈ ਦਿਵਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ | ੨੭ ਚੇਤ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | ੩੦ ਚੇਤ |

## ਇਤਿਹਾਸਕ ਦਿਹਾੜੇ

| | |
|---|---|
| ਅਰੰਭਤਾ ਸੰਮਤ ਨਾਨਕਸ਼ਾਹੀ ੫੫੬ | ੦੧ ਚੇਤ |
| ਸ਼ਹੀਦੀ ਜਥੇ. ਅਕਾਲੀ ਫੂਲਾ ਸਿੰਘ ਜੀ | ੦੧ ਚੇਤ |
| ਸ. ਬਘੇਲ ਸਿੰਘ ਵੱਲੋਂ ਦਿੱਲੀ ਫ਼ਤਿਹ | ੦੨ ਚੇਤ |
| ਸ਼ਹੀਦੀ ਭਾਈ ਸੁਬੇਗ ਸਿੰਘ ਭਾਈ ਸ਼ਾਹਬਾਜ ਸਿੰਘ | ੧੨ ਚੇਤ |
| ਹੋਲਾ ਮਹੱਲਾ | ੧੩ ਚੇਤ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ | ੨੭ ਚੇਤ |

## ਸਰਕਾਰੀ ਛੁੱਟੀਆਂ ਤੇ ਹੋਰ ਦਿਹਾੜੇ

| | |
|---|---|
| ਸ਼ਹੀਦੀ ਸ. ਭਗਤ ਸਿੰਘ | ੧੦ ਚੇਤ |

## गुरमत ज्ञान (मासिक पत्रिका)

हिन्दी भाषीय क्षेत्रों से संबंधित सिक्ख तथा गैर सिक्ख पाठकों की ज़ोरदार मांग पर धर्म प्रचार कमेटी की ओर से गुरमत ज्ञान मासिक पत्रिका प्रकाशित की जा रही है, जिसमें गुरमति विचारधारा, सिक्ख इतिहास तथा आधुनिक समस्याओं के गुरमति विचारधारा के अनुसार समाधान पर विस्तृत जानकारी दी जाती है। आप शीघ्र ही मनीआर्डर या बैंक-ड्राफ्ट द्वारा सचिव, धर्म प्रचार कमेटी (शि: गु: प्र: कमेटी), श्री अमृतसर-१४३००६ के नाम भेजकर लाभ उठाएं।

| | |
|---|---|
| वार्षिक चंदा (देश) | १० रुपये |
| आजीवन (देश) | १०० रुपये |
| वार्षिक चंदा (विदेश) | २५० रुपये |

## ਬਾਰਹ ਮਾਹਾ ਮਾਂਝ

**ਵੈਸਾਖਿ** ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥ ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥ ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥ ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥ ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥ ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥ ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥

## ਬਾਰਹ ਮਾਹਾ ਤੁਖਾਰੀ

**ਵੈਸਾਖੁ** ਭਲਾ ਸਾਖਾ ਵੇਸ ਕਰੇ॥ ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥ ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ॥ ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ॥ ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ॥ ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥੬॥

# ਅਪ੍ਰੈਲ-ਮਈ 2024

## ਵੈਸਾਖ

ਸੰਗਰਾਂਦ – ੦੧ ਵੈਸਾਖ / 13 ਅਪ੍ਰੈਲ
ਪੂਰਨਮਾਸੀ – ੧੧ ਵੈਸਾਖ / 23 ਅਪ੍ਰੈਲ
ਮੱਸਿਆ – ੨੯ ਵੈਸਾਖ / 08 ਮਈ

| | | | | | |
|---|---|---|---|---|---|
| ਐਤਵਾਰ Sunday | ੩੦ 12 ਮਈ | ੨ 14 ਅਪ੍ਰੈਲ | ੯ 21 ਅਪ੍ਰੈਲ | ੧੬ 28 ਅਪ੍ਰੈਲ | ੨੩ 5 ਮਈ |
| ਸੋਮਵਾਰ Monday | ੩੧ 13 ਮਈ | ੩ 15 ਅਪ੍ਰੈਲ | ੧੦ 22 ਅਪ੍ਰੈਲ | ੧੭ 29 ਅਪ੍ਰੈਲ | ੨੪ 6 ਮਈ |
| ਮੰਗਲਵਾਰ Tuesday | | ੪ 16 ਅਪ੍ਰੈਲ | ੧੧ 23 ਅਪ੍ਰੈਲ | ੧੮ 30 ਅਪ੍ਰੈਲ | ੨੫ 7 ਮਈ |
| ਬੁੱਧਵਾਰ Wednesday | | ੫ 17 ਅਪ੍ਰੈਲ | ੧੨ 24 ਅਪ੍ਰੈਲ | ੧੯ 1 ਮਈ | ੨੬ 8 ਮਈ |
| ਵੀਰਵਾਰ Thursday | | ੬ 18 ਅਪ੍ਰੈਲ | ੧੩ 25 ਅਪ੍ਰੈਲ | ੨੦ 2 ਮਈ | ੨੭ 9 ਮਈ |
| ਸ਼ੁੱਕਰਵਾਰ Friday | | ੭ 19 ਅਪ੍ਰੈਲ | ੧੪ 26 ਅਪ੍ਰੈਲ | ੨੧ 3 ਮਈ | ੨੮ 10 ਮਈ |
| ਸ਼ਨਿੱਚਰਵਾਰ Saturday | ੧ 13 ਅਪ੍ਰੈਲ | ੮ 20 ਅਪ੍ਰੈਲ | ੧੫ 27 ਅਪ੍ਰੈਲ | ੨੨ 4 ਮਈ | ੨੯ 11 ਮਈ |

## ਗੁਰਪੁਰਬ

| | | |
|---|---|---|
| ਜੋਤੀ-ਜੋਤਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | ੦੧ | ਵੈਸਾਖ |
| ਗੁਰਿਆਈ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | ੧੦ | ਵੈਸਾਖ |
| ਜੋਤੀ-ਜੋਤਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੧੦ | ਵੈਸਾਖ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | ੧੭ | ਵੈਸਾਖ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | ੧੮ | ਵੈਸਾਖ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | ੨੭ | ਵੈਸਾਖ |

## ਇਤਿਹਾਸਕ ਦਿਹਾੜੇ

| | | |
|---|---|---|
| ਖਾਲਸਾ ਸਾਜਣਾ ਦਿਵਸ (ਵੈਸਾਖੀ) | ੦੧ | ਵੈਸਾਖ |
| ਸਿੱਖ ਦਸਤਾਰ ਦਿਵਸ | ੦੧ | ਵੈਸਾਖ |
| ਸ਼ਹੀਦੀ ਜੋੜ-ਮੇਲਾ ਸ੍ਰੀ ਮੁਕਤਸਰ ਸਾਹਿਬ | ੨੧ | ਵੈਸਾਖ |
| ਜਨਮ ਦਿਹਾੜਾ ਸ. ਜੱਸਾ ਸਿੰਘ ਜੀ ਰਾਮਗੜ੍ਹੀਆ | ੨੩ | ਵੈਸਾਖ |
| ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫ਼ਤਿਹ ਦਿਵਸ | ੩੦ | ਵੈਸਾਖ |

## ਭਗਤ ਸਾਹਿਬਾਨ

| | | |
|---|---|---|
| ਜਨਮ ਦਿਹਾੜਾ ਭਗਤ ਧੰਨਾ ਜੀ | ੦੮ | ਵੈਸਾਖ |

## ਗੁਰਮਤਿ ਪ੍ਰਕਾਸ਼

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ), ਸ੍ਰੀ ਅੰਮ੍ਰਿਤਸਰ ਦਾ ਮਾਸਿਕ ਪੱਤਰ ਹੈ, ਜਿਸ ਵਿਚ ਉੱਚ-ਕੋਟੀ ਦੇ ਵਿਦਵਾਨਾਂ, ਇਤਿਹਾਸਕਾਰਾਂ ਤੇ ਖੋਜੀਆਂ ਦੀਆਂ ਨਿਰੋਲ ਧਾਰਮਿਕ ਅਤੇ ਗੁਰਮਤਿ ਸਬੰਧੀ ਰਚਨਾਤਮਕ ਰਚਨਾਵਾਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ। ਜਿੱਥੇ ਇਹ ਪਰਚਾ ਸਿੱਖ ਸਾਹਿਤ, ਸਿੱਖ ਧਰਮ, ਸਿੱਖ ਇਤਿਹਾਸ ਦੀ ਅਨਮੋਲ ਜਾਣਕਾਰੀ ਦਾ ਖ਼ਜ਼ਾਨਾ ਹੈ, ਉੱਥੇ ਇਹ ਗੁਰਮਤਿ ਸਿਧਾਂਤਾਂ ਦਾ ਸ਼ੁੱਧ ਖ਼ਾਲਸਾਈ ਵਿਵੇਚਨ ਕਰ ਕੇ ਗੁਰਮਤਿ ਗਾਡੀ ਮਾਰਗ 'ਤੇ ਚੱਲਣ ਦੀ ਹਰ ਪ੍ਰਾਣੀ ਨੂੰ ਸਫ਼ਲ ਪ੍ਰੇਰਨਾ ਦਿੰਦਾ ਹੈ। ਅੱਜਕਲ੍ਹ ਇਸ ਦੀ ਛਪਣ ਗਿਣਤੀ 70,000 ਤੋਂ ਵੱਧ ਹੈ। ਅਸੀਂ ਚਾਹੁੰਦੇ ਹਾਂ ਕਿ ਆਪ ਜੀ ਖੁਦ ਵੀ ਮੈਂਬਰ ਬਣੋ ਤੇ ਹੋਰ ਆਪਣੇ ਸੱਜਣਾਂ-ਮਿੱਤਰਾਂ ਤੇ ਸਨੇਹੀਆਂ ਨੂੰ ਪੁਰਜ਼ੋਰ ਪ੍ਰੇਰਨਾ ਕਰੋ ਕਿ ਉਹ ਆਪ ਵੀ ਮੈਂਬਰ ਬਣਨ ਤੇ ਹੋਰ ਵੀ ਮੈਂਬਰ ਬਣਾਉਣ ਦੀ ਕ੍ਰਿਪਾਲਤਾ ਕਰਨ ਤਾਂ ਕਿ ਇਹ ਪਰਚਾ ਹਰ ਪਰਵਾਰ ਵਿਚ ਪਹੁੰਚੇ ਅਤੇ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਹੋ ਸਕੇ। ਪ੍ਰਚਾਰ ਨੂੰ ਮੁੱਖ ਰੱਖਦਿਆਂ ਇਸ ਪਰਚੇ ਦਾ ਚੰਦਾ ਲਾਗਤ ਤੋਂ ਬਹੁਤ ਹੀ ਘੱਟ ਰੱਖਿਆ ਗਿਆ ਹੈ, ਚੰਦੇ ਦੀ ਮਾਇਆ ਅਤੇ ਪਾਠਕਾਂ ਦੇ ਐਡਰੈਸ ਸਕੱਤਰ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ), ਸ੍ਰੀ ਅੰਮ੍ਰਿਤਸਰ ਦੇ ਪਤੇ 'ਤੇ ਭੇਜਣ ਦੀ ਕ੍ਰਿਪਾਲਤਾ ਕਰਨੀ।

### ਚੰਦਾ

| | | | |
|---|---|---|---|
| ਸਾਲਾਨਾ ਦੇਸ਼ | 50 ਰੁਪਏ, | ਵਿਦੇਸ਼ | 1250 ਰੁਪਏ |
| ਪੰਜ ਸਾਲਾ ਦੇਸ਼ | 250 ਰੁਪਏ, | ਵਿਦੇਸ਼ | 5000 ਰੁਪਏ |
| ਲਾਈਫ ਦੇਸ਼ | 500 ਰੁਪਏ, | ਵਿਦੇਸ਼ | 10000 ਰੁਪਏ |

## ਬਾਰਹ ਮਾਹਾ ਮਾਂਝ

**ਹਰਿ ਜੇਠਿ** ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥ ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥ ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥ ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥ ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥ ਜੋ ਪ੍ਰਭਿ ਕੀਤੇ ਆਪਨੇ ਸੇਈ ਕਹੀਅਹਿ ਧੰਨਿ॥ ਆਪਨ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥ ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥ ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ॥੪॥

## ਬਾਰਹ ਮਾਹਾ ਤੁਖਾਰੀ

**ਮਾਹੁ ਜੇਠੁ** ਭਲਾ ਪ੍ਰੀਤਮੁ ਕਿਉ ਬਿਸਰੈ॥ ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ॥ ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ॥ ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ॥ ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ॥ ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ॥੭॥

# ਮਈ-ਜੂਨ 2024

## ਜੇਠ

ਸੰਗਰਾਂਦ – ੦੧ ਜੇਠ / 14 ਮਈ
ਪੂਰਨਮਾਸੀ – ੧੦ ਜੇਠ / 23 ਮਈ
ਮੱਸਿਆ – ੨੪ ਜੇਠ / 06 ਜੂਨ

| | | | | | |
|---|---|---|---|---|---|
| ਐਤਵਾਰ Sunday | | ੬ 19 ਮਈ | ੧੩ 26 ਮਈ | ੨੦ 2 ਜੂਨ | ੨੭ 9 ਜੂਨ |
| ਸੋਮਵਾਰ Monday | | ੭ 20 ਮਈ | ੧੪ 27 ਮਈ | ੨੧ 3 ਜੂਨ | ੨੮ 10 ਜੂਨ |
| ਮੰਗਲਵਾਰ Tuesday | ੧ 14 ਮਈ | ੮ 21 ਮਈ | ੧੫ 28 ਮਈ | ੨੨ 4 ਜੂਨ | ੨੯ 11 ਜੂਨ |
| ਬੁੱਧਵਾਰ Wednesday | ੨ 15 ਮਈ | ੯ 22 ਮਈ | ੧੬ 29 ਮਈ | ੨੩ 5 ਜੂਨ | ੩੦ 12 ਜੂਨ |
| ਵੀਰਵਾਰ Thursday | ੩ 16 ਮਈ | ੧੦ 23 ਮਈ | ੧੭ 30 ਮਈ | ੨੪ 6 ਜੂਨ | ੩੧ 13 ਜੂਨ |
| ਸ਼ੁੱਕਰਵਾਰ Friday | ੪ 17 ਮਈ | ੧੧ 24 ਮਈ | ੧੮ 31 ਮਈ | ੨੫ 7 ਜੂਨ | |
| ਸ਼ਨਿੱਚਰਵਾਰ Saturday | ੫ 18 ਮਈ | ੧੨ 25 ਮਈ | ੧੯ 1 ਜੂਨ | ੨੬ 8 ਜੂਨ | |

## ਗੁਰਪੁਰਬ

| | | |
|---|---|---|
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ | ੦੯ | ਜੇਠ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | ੧੮ | ਜੇਠ |
| ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | ੨੮ | ਜੇਠ |

## ਇਤਿਹਾਸਕ ਦਿਹਾੜੇ

| | | |
|---|---|---|
| ਛੋਟਾ ਘੱਲੂਘਾਰਾ ਕਾਹਨੂੰਵਾਨ (ਗੁਰਦਾਸਪੁਰ) | ੦੩ | ਜੇਠ |
| ਜਨਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ | ੦੫ | ਜੇਠ |
| ਸ਼ਹੀਦੀ ਸਾਕਾ ਪਾਉਂਟਾ ਸਾਹਿਬ | ੦੯ | ਜੇਠ |
| ਘੱਲੂਘਾਰਾ ਸ੍ਰੀ ਅਕਾਲ ਤਖ਼ਤ ਸਾਹਿਬ (੧੯੮੪) | ੨੨ | ਜੇਠ |
| ਸ਼ਹੀਦੀ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਅਤੇ ਸ਼ਹੀਦੀ ਭਾਈ ਅਮਰੀਕ ਸਿੰਘ ਜੀ | ੨੪ | ਜੇਠ |

## ਗੁਰਦੁਆਰਾ ਗਜ਼ਟ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਗੁਰਦੁਆਰਾ ਗਜ਼ਟ ਮਾਸਿਕ ਪਰਚੇ ਵਿਚ ਧਾਰਮਿਕ ਲੇਖ, ਗੁਰਦੁਆਰਾ ਪ੍ਰਬੰਧ ਸਬੰਧੀ ਕੀਤੇ ਜਾਂਦੇ ਯਤਨ, ਮਹੀਨੇ ਭਰ ਦੇ ਸਿੱਖ ਇਤਿਹਾਸ ਨਾਲ ਸੰਬੰਧਿਤ ਤਾਰੀਖ਼-ਵਾਰ ਦਿਹਾੜੇ, ਰਹੁ-ਰੀਤ ਅਤੇ ਆਮਦਨ-ਖਰਚ ਆਦਿ ਦੇ ਮਾਸਿਕ ਚਿੱਠੇ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਇਹ ਪਰਚਾ ਬਹੁਤ ਹੀ ਸੁੰਦਰ ਗਲੇਜ਼ਡ ਪੇਪਰ 'ਤੇ ਰੰਗਦਾਰ ਤਸਵੀਰਾਂ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਸਰਗਰਮੀਆਂ ਨੂੰ ਪਾਠਕਾਂ ਤੱਕ ਪਹੁੰਚਾਉਂਦਾ ਹੈ। ਇਸ ਦੀ ਛਪਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਪਣੀ ਗੋਲਡਨ ਆਫਸੈੱਟ ਪ੍ਰੈਸ ਰਾਹੀਂ ਕੀਤੀ ਜਾਂਦੀ ਹੈ। ਚੰਦਾ ਮਨੀ-ਆਰਡਰ, ਬੈਂਕ-ਡ੍ਰਾਫਟ ਰਾਹੀਂ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪਤੇ 'ਤੇ ਭੇਜਿਆ ਜਾ ਸਕਦਾ ਹੈ।

### ਚੰਦਾ

| | |
|---|---|
| ਸਾਲਾਨਾ ਚੰਦਾ ਦੇਸ਼ | : 20 ਰੁਪਏ |
| ਲਾਈਫ ਮੈਂਬਰਸ਼ਿਪ ਦੇਸ਼ | : 200 ਰੁਪਏ |
| ਸਾਲਾਨਾ ਚੰਦਾ ਵਿਦੇਸ਼ (ਹਵਾਈ ਡਾਕ) | : 500 ਰੁਪਏ |

## ਬਾਰਹ ਮਾਹਾ ਮਾਂਝ

**ਆਸਾੜੁ** ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥ ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥ ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥ ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥ ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥ ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥ ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥ ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥ ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥੫॥

## ਬਾਰਹ ਮਾਹਾ ਤੁਖਾਰੀ

**ਆਸਾੜੁ** ਭਲਾ ਸੂਰਜੁ ਗਗਨਿ ਤਪੈ॥ ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥ ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ॥ ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥ ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ॥ ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ॥੮॥

# ਜੂਨ–ਜੁਲਾਈ 2024

## ਹਾੜ

ਸੰਗਰਾਂਦ – ੦੧ ਹਾੜ / 14 ਜੂਨ
ਪੂਰਨਮਾਸੀ – ੦੯ ਹਾੜ / 22 ਜੂਨ
ਮੱਸਿਆ – ੨੨ ਹਾੜ / 05 ਜੁਲਾਈ

| | | | | | |
|---|---|---|---|---|---|
| ਐਤਵਾਰ Sunday | ੩੧ 14 ਜੁਲਾਈ | ੩ 16 ਜੂਨ | ੧੦ 23 ਜੂਨ | ੧੭ 30 ਜੂਨ | ੨੪ 7 ਜੁਲਾਈ |
| ਸੋਮਵਾਰ Monday | ੩੨ 15 ਜੁਲਾਈ | ੪ 17 ਜੂਨ | ੧੧ 24 ਜੂਨ | ੧੮ 1 ਜੁਲਾਈ | ੨੫ 8 ਜੁਲਾਈ |
| ਮੰਗਲਵਾਰ Tuesday | | ੫ 18 ਜੂਨ | ੧੨ 25 ਜੂਨ | ੧੯ 2 ਜੁਲਾਈ | ੨੬ 9 ਜੁਲਾਈ |
| ਬੁੱਧਵਾਰ Wednesday | | ੬ 19 ਜੂਨ | ੧੩ 26 ਜੂਨ | ੨੦ 3 ਜੁਲਾਈ | ੨੭ 10 ਜੁਲਾਈ |
| ਵੀਰਵਾਰ Thursday | | ੭ 20 ਜੂਨ | ੧੪ 27 ਜੂਨ | ੨੧ 4 ਜੁਲਾਈ | ੨੮ 11 ਜੁਲਾਈ |
| ਸ਼ੁੱਕਰਵਾਰ Friday | ੧ 14 ਜੂਨ | ੮ 21 ਜੂਨ | ੧੫ 28 ਜੂਨ | ੨੨ 5 ਜੁਲਾਈ | ੨੯ 12 ਜੁਲਾਈ |
| ਸ਼ਨਿੱਚਰਵਾਰ Saturday | ੨ 15 ਜੂਨ | ੯ 22 ਜੂਨ | ੧੬ 29 ਜੂਨ | ੨੩ 6 ਜੁਲਾਈ | ੩੦ 13 ਜੁਲਾਈ |

## ਗੁਰਪੁਰਬ

ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ੦੯ ਹਾੜ

## ਇਤਿਹਾਸਕ ਦਿਹਾੜੇ

ਜੋੜ-ਮੇਲਾ ਗੁਰਦੁਆਰਾ ਸ੍ਰੀ ਰੀਠਾ ਸਾਹਿਬ ੦੯ ਹਾੜ
ਸ਼ਹੀਦੀ ਦਿਹਾੜਾ ਬਾਬਾ ਬੰਦਾ ਸਿੰਘ ਜੀ ਬਹਾਦਰ ੧੧ ਹਾੜ
ਸਿਰਜਣਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ ੧੩ ਹਾੜ
ਬਰਸੀ ਮਹਾਰਾਜਾ ਰਣਜੀਤ ਸਿੰਘ ਜੀ ੧੫ ਹਾੜ
ਸ਼ਹੀਦੀ ਦਿਹਾੜਾ ਭਾਈ ਮਨੀ ਸਿੰਘ ਜੀ ੨੫ ਹਾੜ

## ਭਗਤ ਸਾਹਿਬਾਨ

ਜਨਮ ਦਿਹਾੜਾ ਭਗਤ ਕਬੀਰ ਜੀ ੦੯ ਹਾੜ

## ਧਾਰਮਿਕ ਪ੍ਰੀਖਿਆ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਕੋਲੋਂ ਹਰ ਸਾਲ ਧਾਰਮਿਕ ਪ੍ਰੀਖਿਆ ਲੈ ਕੇ ਵਜ਼ੀਫੇ ਦਿੱਤੇ ਜਾਂਦੇ ਹਨ। ਇਹ ਪ੍ਰੀਖਿਆ ਹਰ ਸਾਲ ਫਰਵਰੀ ਵਿਚ ਹੁੰਦੀ ਹੈ। ਇਸ ਪ੍ਰੀਖਿਆ ਵਿਚ ਸ਼ਾਮਲ ਹੋਣ ਦੇ ਚਾਹਵਾਨ ਸਕੂਲ/ਕਾਲਜ ਦੇ ਵਿਦਿਆਰਥੀ ਸਕੱਤਰ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ ਨੂੰ ਲਿਖਣ ਜਾਂ 0183-2553956, ਐਕਸ:305 'ਤੇ ਸੰਪਰਕ ਕਰਨ।

## ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋ-ਸਾਲਾ ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਚਲਾਇਆ ਜਾ ਰਿਹਾ ਹੈ। ਇਸ ਵਿਚ 16 ਸਾਲ ਤੋਂ ਵੱਡੀ ਉਮਰ ਦਾ ਕੋਈ ਵੀ ਸਿੱਖ ਜਾਂ ਗੈਰ-ਸਿੱਖ, ਜੋ ਘੱਟੋ ਘੱਟ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਪੜ੍ਹ ਲਿਖ ਸਕਦਾ ਹੋਵੇ, ਦਾਖਲਾ ਲੈ ਸਕਦਾ ਹੈ। ਕੋਰਸ ਨਾਲ ਸੰਬੰਧਿਤ ਵਧੇਰੇ ਜਾਣਕਾਰੀ **www.sgpc.net** ਤੋਂ ਲਈ ਜਾ ਸਕਦੀ ਹੈ ਜਾਂ 0183-2553956, ਐਕਸ:305 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਬਾਰਹ ਮਾਹਾ ਮਾਂਝ

**ਸਾਵਣਿ** ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥ ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥ ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥ ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥ ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥ ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥ ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ॥ ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ॥ ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥੬॥

## ਬਾਰਹ ਮਾਹਾ ਤੁਖਾਰੀ

**ਸਾਵਣਿ** ਸਰਸ ਮਨਾ ਘਣ ਵਰਸਹਿ ਰੁਤਿ ਆਏ॥ ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥ ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥ ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥ ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥ ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥੯॥

# ਜੁਲਾਈ-ਅਗਸਤ 2024

## ਸਾਵਣ

ਸੰਗਰਾਂਦ – ੦੧ ਸਾਵਣ / 16 ਜੁਲਾਈ
ਪੂਰਨਮਾਸੀ – ੦੬ ਸਾਵਣ / 21 ਜੁਲਾਈ
ਮੱਸਿਆ – ੨੦ ਸਾਵਣ / 04 ਅਗਸਤ

| | | | | | |
|---|---|---|---|---|---|
| ਐਤਵਾਰ Sunday | | ੬ 21 ਜੁਲਾਈ | ੧੩ 28 ਜੁਲਾਈ | ੨੦ 4 ਅਗਸਤ | ੨੭ 11 ਅਗਸਤ |
| ਸੋਮਵਾਰ Monday | | ੭ 22 ਜੁਲਾਈ | ੧੪ 29 ਜੁਲਾਈ | ੨੧ 5 ਅਗਸਤ | ੨੮ 12 ਅਗਸਤ |
| ਮੰਗਲਵਾਰ Tuesday | ੧ 16 ਜੁਲਾਈ | ੮ 23 ਜੁਲਾਈ | ੧੫ 30 ਜੁਲਾਈ | ੨੨ 6 ਅਗਸਤ | ੨੯ 13 ਅਗਸਤ |
| ਬੁੱਧਵਾਰ Wednesday | ੨ 17 ਜੁਲਾਈ | ੯ 24 ਜੁਲਾਈ | ੧੬ 31 ਜੁਲਾਈ | ੨੩ 7 ਅਗਸਤ | ੩੦ 14 ਅਗਸਤ |
| ਵੀਰਵਾਰ Thursday | ੩ 18 ਜੁਲਾਈ | ੧੦ 25 ਜੁਲਾਈ | ੧੭ 1 ਅਗਸਤ | ੨੪ 8 ਅਗਸਤ | ੩੧ 15 ਅਗਸਤ |
| ਸ਼ੁੱਕਰਵਾਰ Friday | ੪ 19 ਜੁਲਾਈ | ੧੧ 26 ਜੁਲਾਈ | ੧੮ 2 ਅਗਸਤ | ੨੫ 9 ਅਗਸਤ | |
| ਸ਼ਨਿੱਚਰਵਾਰ Saturday | ੫ 20 ਜੁਲਾਈ | ੧੨ 27 ਜੁਲਾਈ | ੧੯ 3 ਅਗਸਤ | ੨੬ 10 ਅਗਸਤ | |

## ਗੁਰਪੁਰਬ

ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ੧੪ ਸਾਵਣ

## ਇਤਿਹਾਸਕ ਦਿਹਾੜੇ

ਮੀਰੀ-ਪੀਰੀ ਦਿਵਸ ਪਾਤਸ਼ਾਹੀ ਛੇਵੀਂ ੦੧ ਸਾਵਣ
ਸ਼ਹੀਦੀ ਦਿਹਾੜਾ ਭਾਈ ਤਾਰੂ ਸਿੰਘ ਜੀ ੦੧ ਸਾਵਣ
ਮੋਰਚਾ ਗੁਰੂ ਕਾ ਬਾਗ (ਸ੍ਰੀ ਅੰਮ੍ਰਿਤਸਰ) ੨੪ ਸਾਵਣ

## ਸਰਕਾਰੀ ਛੁੱਟੀਆਂ ਤੇ ਹੋਰ ਦਿਹਾੜੇ

ਸ਼ਹੀਦੀ ਸ. ਊਧਮ ਸਿੰਘ ੧੬ ਸਾਵਣ
ਭਾਰਤ ਦਾ ਅਜ਼ਾਦੀ ਦਿਵਸ ੩੧ ਸਾਵਣ

## ਅੰਮ੍ਰਿਤ ਸੰਚਾਰ

ਸਮੂਹ ਸਿੱਖ ਸੰਗਤ ਦੇ ਗਿਆਤ ਹਿਤ ਵਿਦਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਦੁਪਹਿਰੇ 12:00 ਵਜੇ ਅੰਮ੍ਰਿਤ ਸੰਚਾਰ ਹੁੰਦਾ ਹੈ। ਅੰਮ੍ਰਿਤ-ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ !

## ਫ਼ਿਲਮ ਵਿਭਾਗ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਆਧੁਨਿਕ ਤਕਨੀਕ ਨੂੰ ਅਪਣਾਉਂਦਿਆਂ ਸਿੱਖੀ ਦੇ ਪ੍ਰਚਾਰ-ਪਸਾਰ ਲਈ ਫ਼ਿਲਮਾਂ ਵਿਖਾਉਣ ਵਾਲੀਆਂ ਗੱਡੀਆਂ ਤਿਆਰ ਕਰਵਾਈਆਂ ਗਈਆਂ ਹਨ। ਇਨ੍ਹਾਂ ਗੱਡੀਆਂ ਰਾਹੀਂ ਵੱਖ-ਵੱਖ ਪਿੰਡਾਂ / ਸ਼ਹਿਰਾਂ ਵਿਚ ਜਾ ਕੇ ਸਿੱਖੀ ਦੇ ਪ੍ਰਚਾਰ ਹਿੱਤ ਫ਼ਿਲਮਾਂ ਵਿਖਾਈਆਂ ਜਾਂਦੀਆਂ ਹਨ। ਸੰਗਤ ਦੀ ਮੰਗ ’ਤੇ ਇਨ੍ਹਾਂ ਗੱਡੀਆਂ ਰਾਹੀਂ ਭਾਰਤ ਦੇ ਦੂਰ-ਦੁਰਾਡੇ ਥਾਵਾਂ ’ਤੇ ਜਾ ਕੇ ਪ੍ਰਚਾਰ ਕੀਤਾ ਜਾਂਦਾ ਹੈ।

## ਬਾਰਹ ਮਾਹਾ ਮਾਂਝ

**ਭਾਦੁਇ** ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥ ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥ ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥ ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥ ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥ ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥ ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥ ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥੭॥

## ਬਾਰਹ ਮਾਹਾ ਤੁਖਾਰੀ

**ਭਾਦਉ** ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥ ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥ ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥ ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥ ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥ ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ॥੧੦॥

# ਅਗਸਤ-ਸਤੰਬਰ 2024

## ਭਾਦੋਂ

ਸੰਗਰਾਂਦ – ੦੧ ਭਾਦੋਂ / 16 ਅਗਸਤ
ਪੂਰਨਮਾਸੀ – ੦੪ ਭਾਦੋਂ / 19 ਅਗਸਤ
ਮੱਸਿਆ-੧੮-੧੯ ਭਾਦੋਂ / 02-03 ਸਤੰਬਰ

| | | | | | |
|---|---|---|---|---|---|
| ਐਤਵਾਰ Sunday | ੩੧ 15 ਸਤੰਬਰ | ੩ 18 ਅਗਸਤ | ੧੦ 25 ਅਗਸਤ | ੧੭ 1 ਸਤੰਬਰ | ੨੪ 8 ਸਤੰਬਰ |
| ਸੋਮਵਾਰ Monday | | ੪ 19 ਅਗਸਤ | ੧੧ 26 ਅਗਸਤ | ੧੮ 2 ਸਤੰਬਰ | ੨੫ 9 ਸਤੰਬਰ |
| ਮੰਗਲਵਾਰ Tuesday | | ੫ 20 ਅਗਸਤ | ੧੨ 27 ਅਗਸਤ | ੧੯ 3 ਸਤੰਬਰ | ੨੬ 10 ਸਤੰਬਰ |
| ਬੁੱਧਵਾਰ Wednesday | | ੬ 21 ਅਗਸਤ | ੧੩ 28 ਅਗਸਤ | ੨੦ 4 ਸਤੰਬਰ | ੨੭ 11 ਸਤੰਬਰ |
| ਵੀਰਵਾਰ Thursday | | ੭ 22 ਅਗਸਤ | ੧੪ 29 ਅਗਸਤ | ੨੧ 5 ਸਤੰਬਰ | ੨੮ 12 ਸਤੰਬਰ |
| ਸ਼ੁੱਕਰਵਾਰ Friday | ੧ 16 ਅਗਸਤ | ੮ 23 ਅਗਸਤ | ੧੫ 30 ਅਗਸਤ | ੨੨ 6 ਸਤੰਬਰ | ੨੯ 13 ਸਤੰਬਰ |
| ਸ਼ਨਿੱਚਰਵਾਰ Saturday | ੨ 17 ਅਗਸਤ | ੯ 24 ਅਗਸਤ | ੧੬ 31 ਅਗਸਤ | ੨੩ 7 ਸਤੰਬਰ | ੩੦ 14 ਸਤੰਬਰ |

## ਗੁਰਪੁਰਬ

| | | |
|---|---|---|
| ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੧੪ | ਭਾਦੋਂ |
| ਪਹਿਲਾ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੨੦ | ਭਾਦੋਂ |
| ਗੁਰਿਆਈ ਦਿਵਸ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | ੨੧ | ਭਾਦੋਂ |
| ਜੋਤੀ-ਜੋਤਿ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | ੨੨ | ਭਾਦੋਂ |

## ਇਤਿਹਾਸਕ ਦਿਹਾੜੇ

| | | |
|---|---|---|
| ਜੋੜ-ਮੇਲਾ ਬਾਬਾ ਬਕਾਲਾ (ਗੁਰੂ ਲਾਧੋ ਰੇ ਦਿਵਸ) | ੦੪ | ਭਾਦੋਂ |
| ਸ਼ਹੀਦੀ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ | ੦੫ | ਭਾਦੋਂ |
| ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਲਈ ਮੱਸੇ ਰੰਘੜ ਨੂੰ ਮੌਤ ਦੇ ਘਾਟ ਉਤਾਰਿਆ | ੨੨ | ਭਾਦੋਂ |
| ਜੋੜ-ਮੇਲਾ ਗੁਰਦੁਆਰਾ ਕੰਧ ਸਾਹਿਬ ਤੇ ਗੁ: ਡੇਹਰਾ ਸਾਹਿਬ ਵਿਆਹ ਪੁਰਬ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ (ਬਟਾਲਾ) | ੨੬ | ਭਾਦੋਂ |

## ਸੰਥਾ ਸੈਂਚੀਆਂ

**ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਸੰਥਾ ਸੈਂਚੀਆਂ ਪੰਜਾਬੀ ਅਤੇ ਹਿੰਦੀ ਵਿਚ ਉਪਲਬਧ ਹਨ। ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦੇ ਲਿਟਰੇਚਰ ਹਾਊਸਾਂ ਜਾਂ ਪਬਲੀਕੇਸ਼ਨ ਵਿਭਾਗ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।**

### ਭੇਟਾ

| | |
|---|---|
| ਸੰਥਾ ਸੈਂਚੀ-ਭਾਗ ਪਹਿਲਾ ਦਰਮਿਆਨਾ (ਪੰਜਾਬੀ) | ੨੭੦/- |
| ਸੰਥਾ ਸੈਂਚੀ-ਭਾਗ ਦੂਜਾ ਦਰਮਿਆਨਾ (ਪੰਜਾਬੀ) | ੨੭੫/- |
| ਸੰਥਾ ਸੈਂਚੀ-ਭਾਗ ਪਹਿਲਾ ਮੋਟੇ ਅੱਖਰ (ਪੰਜਾਬੀ) | ੫੦੦/- |
| ਸੰਥਾ ਸੈਂਚੀ-ਭਾਗ ਦੂਜਾ ਮੋਟੇ ਅੱਖਰ (ਪੰਜਾਬੀ) | ੫੦੦/- |
| ਸੰਥਾ ਸੈਂਚੀ-ਭਾਗ ਪਹਿਲਾ (ਹਿੰਦੀ) | ੨੩੦/- |
| ਸੰਥਾ ਸੈਂਚੀ-ਭਾਗ ਦੂਜਾ (ਹਿੰਦੀ) | ੨੩੦/- |
| ਸੰਥਾ ਸੈਂਚੀ-ਲੜੀਵਾਰ ਭਾਗ ਪਹਿਲਾ | ੪੦੦/- |
| ਸੰਥਾ ਸੈਂਚੀ-ਲੜੀਵਾਰ ਭਾਗ ਦੂਜਾ | ੫੦੦/- |

## ਬਾਰਹ ਮਾਹਾ ਮਾਂਝ

**ਅਸੁਨਿ** ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥ ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥ ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥ ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥ ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥ ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥ ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥ ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥ ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥੮॥

## ਬਾਰਹ ਮਾਹਾ ਤੁਖਾਰੀ

**ਅਸੁਨਿ** ਆਉ ਪਿਰਾ ਸਾ ਧਨ ਝੂਰਿ ਮੁਈ॥ ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ॥ ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ॥ ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ॥ ਦਹ ਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ॥ ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ॥੧੧॥

# ਸਤੰਬਰ–ਅਕਤੂਬਰ 2024

## ਅੱਸੂ

ਸੰਗਰਾਂਦ – ੦੧ ਅੱਸੂ / 16 ਸਤੰਬਰ
ਪੂਰਨਮਾਸੀ – ੦੩ ਅੱਸੂ / 18 ਸਤੰਬਰ
ਮੱਸਿਆ – ੧੭ ਅੱਸੂ / 02 ਅਕਤੂਬਰ

| | | | | | |
|---|---|---|---|---|---|
| ਐਤਵਾਰ Sunday | | ੭ 22 ਸਤੰਬਰ | ੧੪ 29 ਸਤੰਬਰ | ੨੧ 6 ਅਕਤੂਬਰ | ੨੮ 13 ਅਕਤੂਬਰ |
| ਸੋਮਵਾਰ Monday | ੧ 16 ਸਤੰਬਰ | ੮ 23 ਸਤੰਬਰ | ੧੫ 30 ਸਤੰਬਰ | ੨੨ 7 ਅਕਤੂਬਰ | ੨੯ 14 ਅਕਤੂਬਰ |
| ਮੰਗਲਵਾਰ Tuesday | ੨ 17 ਸਤੰਬਰ | ੯ 24 ਸਤੰਬਰ | ੧੬ 1 ਅਕਤੂਬਰ | ੨੩ 8 ਅਕਤੂਬਰ | ੩੦ 15 ਅਕਤੂਬਰ |
| ਬੁੱਧਵਾਰ Wednesday | ੩ 18 ਸਤੰਬਰ | ੧੦ 25 ਸਤੰਬਰ | ੧੭ 2 ਅਕਤੂਬਰ | ੨੪ 9 ਅਕਤੂਬਰ | ੩੧ 16 ਅਕਤੂਬਰ |
| ਵੀਰਵਾਰ Thursday | ੪ 19 ਸਤੰਬਰ | ੧੧ 26 ਸਤੰਬਰ | ੧੮ 3 ਅਕਤੂਬਰ | ੨੫ 10 ਅਕਤੂਬਰ | |
| ਸ਼ੁੱਕਰਵਾਰ Friday | ੫ 20 ਸਤੰਬਰ | ੧੨ 27 ਸਤੰਬਰ | ੧੯ 4 ਅਕਤੂਬਰ | ੨੬ 11 ਅਕਤੂਬਰ | |
| ਸ਼ਨਿੱਚਰਵਾਰ Saturday | ੬ 21 ਸਤੰਬਰ | ੧੩ 28 ਸਤੰਬਰ | ੨੦ 5 ਅਕਤੂਬਰ | ੨੭ 12 ਅਕਤੂਬਰ | |

## ਗੁਰਪੁਰਬ

| | | |
|---|---|---|
| ਗੁਰਿਆਈ ਦਿਵਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | ੦੧ | ਅੱਸੂ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ (ਜੋੜ-ਮੇਲਾ ਗੋਇੰਦਵਾਲ ਸਾਹਿਬ) ੪੫੦ ਸਾਲਾ | ੦੩ | ਅੱਸੂ |
| ਗੁਰਿਆਈ ਦਿਵਸ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | ੦੭ | ਅੱਸੂ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ | ੧੨ | ਅੱਸੂ |

## ਇਤਿਹਾਸਕ ਦਿਹਾੜੇ

| | | |
|---|---|---|
| ਭਾਈ ਘਨੱਈਆ ਜੀ ਮਾਨਵ ਸੇਵਾ ਦਿਵਸ | ੦੫ | ਅੱਸੂ |
| ਜੋੜ-ਮੇਲਾ ਬਾਬਾ ਬੁੱਢਾ ਜੀ (ਰਮਦਾਸ) | ੦੬ | ਅੱਸੂ |
| ਸਿੰਘ ਸਭਾ ਲਹਿਰ ਸਥਾਪਨਾ ਦਿਵਸ | ੧੬ | ਅੱਸੂ |
| ਜੋੜ-ਮੇਲਾ ਬੀੜ ਬਾਬਾ ਬੁੱਢਾ ਜੀ (ਠੱਠਾ) | ੨੧-੨੨ | ਅੱਸੂ |
| ਸ਼ਹੀਦੀ ਭਾਈ ਸੁਖਦੇਵ ਸਿੰਘ (ਸੁੱਖਾ) ਅਤੇ ਭਾਈ ਹਰਜਿੰਦਰ ਸਿੰਘ (ਜਿੰਦਾ) | ੨੪ | ਅੱਸੂ |
| ਜਨਮ ਭਾਈ ਤਾਰੂ ਸਿੰਘ ਜੀ | ੨੪ | ਅੱਸੂ |
| ਦਰਬਾਰ ਖ਼ਾਲਸਾ (ਦੁਸਹਿਰਾ) | ੨੭ | ਅੱਸੂ |

## ਸ੍ਰੀ ਹਰਿਮੰਦਰ ਸਾਹਿਬ ਵਿਖੇ ਜਲੌ

ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਹੇਠ ਲਿਖੇ ਗੁਰਪੁਰਬਾਂ 'ਤੇ ਜਲੌ, ਦੀਪਮਾਲਾ, ਆਤਿਸ਼ਬਾਜ਼ੀ ਕੀਤੀ ਜਾਂਦੀ ਹੈ:

* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਜੀ
* ਗੁਰਿਆਈ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ
* ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

## ਬਾਰਹ ਮਾਹਾ ਮਾਂਝ

**ਕਤਿਕਿ** ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥ ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥ ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥ ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥ ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥ ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥ ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥ ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥ ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥੯॥

## ਬਾਰਹ ਮਾਹਾ ਤੁਖਾਰੀ

**ਕਤਕਿ** ਕਿਰਤੁ ਪਇਆ ਜੋ ਪ੍ਰਭ ਭਾਇਆ॥ ਦੀਪਕੁ ਸਹਜਿ ਬਲੈ ਤਤਿ ਜਲਾਇਆ॥ ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ॥ ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ॥ ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ॥ ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ ॥੧੨॥

# ਅਕਤੂਬਰ-ਨਵੰਬਰ 2024

## ਕੱਤਕ

**ਸੰਗਰਾਂਦ** – ੦੧ ਕੱਤਕ / 17 ਅਕਤੂਬਰ

**ਪੂਰਨਮਾਸੀ**-੦੧ ਕੱਤਕ/ 17 ਅਕਤੂਬਰ; ੩੦ ਕੱਤਕ/ 15 ਨਵੰਬਰ

**ਮੱਸਿਆ** – ੧੬ ਕੱਤਕ / 01 ਨਵੰਬਰ

| | | | | | |
|---|---|---|---|---|---|
| ਐਤਵਾਰ Sunday | | ੪ 20 ਅਕਤੂਬਰ | ੧੧ 27 ਅਕਤੂਬਰ | ੧੮ 3 ਨਵੰਬਰ | ੨੫ 10 ਨਵੰਬਰ |
| ਸੋਮਵਾਰ Monday | | ੫ 21 ਅਕਤੂਬਰ | ੧੨ 28 ਅਕਤੂਬਰ | ੧੯ 4 ਨਵੰਬਰ | ੨੬ 11 ਨਵੰਬਰ |
| ਮੰਗਲਵਾਰ Tuesday | | ੬ 22 ਅਕਤੂਬਰ | ੧੩ 29 ਅਕਤੂਬਰ | ੨੦ 5 ਨਵੰਬਰ | ੨੭ 12 ਨਵੰਬਰ |
| ਬੁੱਧਵਾਰ Wednesday | | ੭ 23 ਅਕਤੂਬਰ | ੧੪ 30 ਅਕਤੂਬਰ | ੨੧ 6 ਨਵੰਬਰ | ੨੮ 13 ਨਵੰਬਰ |
| ਵੀਰਵਾਰ Thursday | ੧ 17 ਅਕਤੂਬਰ | ੮ 24 ਅਕਤੂਬਰ | ੧੫ 31 ਅਕਤੂਬਰ | ੨੨ 7 ਨਵੰਬਰ | ੨੯ 14 ਨਵੰਬਰ |
| ਸ਼ੁੱਕਰਵਾਰ Friday | ੨ 18 ਅਕਤੂਬਰ | ੯ 25 ਅਕਤੂਬਰ | ੧੬ 1 ਨਵੰਬਰ | ੨੩ 8 ਨਵੰਬਰ | ੩੦ 15 ਨਵੰਬਰ |
| ਸ਼ਨਿੱਚਰਵਾਰ Saturday | ੩ 19 ਅਕਤੂਬਰ | ੧੦ 26 ਅਕਤੂਬਰ | ੧੭ 2 ਨਵੰਬਰ | ੨੪ 9 ਨਵੰਬਰ | |

## ਗੁਰਪੁਰਬ

| | |
|---|---|
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | ੦੩ ਕੱਤਕ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੦੯ ਕੱਤਕ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | ੦੯ ਕੱਤਕ |
| ਗੁਰਿਆਈ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੧੮ ਕੱਤਕ |
| ਜੋਤੀ-ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ | ੨੧ ਕੱਤਕ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ | ੩੦ ਕੱਤਕ |

## ਇਤਿਹਾਸਕ ਦਿਹਾੜੇ

| | |
|---|---|
| ਜਨਮ ਸੰਤ ਗਿਆਨੀ ਕਰਤਾਰ ਸਿੰਘ ਜੀ ਭਿੰਡਰਾਂਵਾਲੇ | ੦੫ ਕੱਤਕ |
| ਜਨਮ ਦਿਹਾੜਾ ਬਾਬਾ ਬੁੱਢਾ ਜੀ (ਕੱਥੂਨੰਗਲ) | ੦੭ ਕੱਤਕ |
| ਅਕਾਲ ਚਲਾਣਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ | ੦੭ ਕੱਤਕ |
| ਸਾਕਾ ਪੰਜਾ ਸਾਹਿਬ (ਪਾਕਿਸਤਾਨ) | ੧੪ ਕੱਤਕ |
| ਸ਼ਹੀਦੀ ਭਾਈ ਬੇਅੰਤ ਸਿੰਘ ਜੀ | ੧੫ ਕੱਤਕ |
| ਬੰਦੀ ਛੋੜ ਦਿਵਸ (ਦੀਵਾਲੀ) | ੧੬ ਕੱਤਕ |
| ਜਨਮ ਮਾਤਾ ਸਾਹਿਬ ਕੌਰ ਜੀ | ੧੮ ਕੱਤਕ |
| ਸ਼ਹੀਦੀ ਦਿਹਾੜਾ ਬਾਬਾ ਦੀਪ ਸਿੰਘ ਜੀ | ੩੦ ਕੱਤਕ |
| ਸਥਾਪਨਾ ਦਿਵਸ ਸ਼੍ਰੋਮਣੀ ਗੁ:ਪ੍ਰ: ਕਮੇਟੀ | ੩੦ ਕੱਤਕ |

## ਭਗਤ ਸਾਹਿਬਾਨ

| | |
|---|---|
| ਜਨਮ ਦਿਹਾੜਾ ਭਗਤ ਨਾਮਦੇਵ ਜੀ | ੨੭ ਕੱਤਕ |

## ਸਰਕਾਰੀ ਛੁੱਟੀਆਂ

| | |
|---|---|
| ਪੰਜਾਬੀ ਸੂਬਾ ਦਿਵਸ | ੧੬ ਕੱਤਕ |

## ਸਿੱਖ ਰੈਫ਼ਰੈਂਸ ਲਾਇਬ੍ਰੇਰੀ

ਸਮੂਹ ਜਗਤ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਜਿਸ ਸੱਜਣ ਪਾਸ ਕੋਈ ਵੀ ਦੁਰਲੱਭ ਇਤਿਹਾਸਿਕ ਪੁਸਤਕ/ਹੱਥ-ਲਿਖਤ ਗ੍ਰੰਥ/ਪੋਥੀ ਜਾਂ ਕੋਈ ਹੋਰ ਇਤਿਹਾਸਿਕ ਵਸਤੂ ਹੋਵੇ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਭੇਟਾ-ਰਹਿਤ ਜਾਂ ਭੇਟਾ-ਸਹਿਤ ਦੇਣ ਲਈ ਸੰਪਰਕ ਕਰਨ ਜੀ।

## ਬਾਰਹ ਮਾਹਾ ਮਾਂਝ

**ਮੰਘਿਰਿ** ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥ ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥ ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥ ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥ ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥ ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ॥ ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥ ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥ ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ॥੧੦॥

## ਬਾਰਹ ਮਾਹਾ ਤੁਖਾਰੀ

**ਮੰਘਰ** ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ॥ ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ॥ ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ॥ ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ॥ ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ॥ ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ॥੧੩॥

# ਨਵੰਬਰ-ਦਸੰਬਰ 2024

## ਮੱਘਰ

ਸੰਗਰਾਂਦ – ੦੧ ਮੱਘਰ / 16 ਨਵੰਬਰ

ਮੱਸਿਆ – ੧੬ ਮੱਘਰ / 01 ਦਸੰਬਰ

| | | | | | |
|---|---|---|---|---|---|
| ਐਤਵਾਰ Sunday | | ੨ 17 ਨਵੰਬਰ | ੯ 24 ਨਵੰਬਰ | ੧੬ 1 ਦਸੰਬਰ | ੨੩ 8 ਦਸੰਬਰ |
| ਸੋਮਵਾਰ Monday | | ੩ 18 ਨਵੰਬਰ | ੧੦ 25 ਨਵੰਬਰ | ੧੭ 2 ਦਸੰਬਰ | ੨੪ 9 ਦਸੰਬਰ |
| ਮੰਗਲਵਾਰ Tuesday | | ੪ 19 ਨਵੰਬਰ | ੧੧ 26 ਨਵੰਬਰ | ੧੮ 3 ਦਸੰਬਰ | ੨੫ 10 ਦਸੰਬਰ |
| ਬੁੱਧਵਾਰ Wednesday | | ੫ 20 ਨਵੰਬਰ | ੧੨ 27 ਨਵੰਬਰ | ੧੯ 4 ਦਸੰਬਰ | ੨੬ 11 ਦਸੰਬਰ |
| ਵੀਰਵਾਰ Thursday | | ੬ 21 ਨਵੰਬਰ | ੧੩ 28 ਨਵੰਬਰ | ੨੦ 5 ਦਸੰਬਰ | ੨੭ 12 ਦਸੰਬਰ |
| ਸ਼ੁੱਕਰਵਾਰ Friday | | ੭ 22 ਨਵੰਬਰ | ੧੪ 29 ਨਵੰਬਰ | ੨੧ 6 ਦਸੰਬਰ | ੨੮ 13 ਦਸੰਬਰ |
| ਸ਼ਨਿੱਚਰਵਾਰ Saturday | ੧ 16 ਨਵੰਬਰ | ੮ 23 ਨਵੰਬਰ | ੧੫ 30 ਨਵੰਬਰ | ੨੨ 7 ਦਸੰਬਰ | ੨੯ 14 ਦਸੰਬਰ |

## ਗੁਰਪੁਰਬ

| | |
|---|---|
| ਗੁਰਿਆਈ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ | ੧੯ ਮੱਘਰ |
| ਸ਼ਹੀਦੀ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | ੨੧ ਮੱਘਰ |

## ਇਤਿਹਾਸਕ ਦਿਹਾੜੇ

| | |
|---|---|
| ਅਕਾਲ ਚਲਾਣਾ ਭਾਈ ਮਰਦਾਨਾ ਜੀ | ੧੩ ਮੱਘਰ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ | ੧੫ ਮੱਘਰ |
| ਸ਼ਹੀਦੀ ਦਿਹਾੜਾ ਬਾਬਾ ਗੁਰਬਖਸ਼ ਸਿੰਘ ਜੀ | ੧੯ ਮੱਘਰ |
| ਸ਼ਹੀਦੀ ਦਿਹਾੜਾ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਤੇ ਭਾਈ ਸਤੀ ਦਾਸ ਜੀ | ੨੦ ਮੱਘਰ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ | ੨੯ ਮੱਘਰ |
| ਸਥਾਪਨਾ ਦਿਵਸ ਸ਼੍ਰੋਮਣੀ ਅਕਾਲੀ ਦਲ | ੨੯ ਮੱਘਰ |

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਚਲਾਏ ਜਾ ਰਹੇ ਪ੍ਰਚਾਰ ਮਿਸ਼ਨ

੧. ਸਿੱਖ ਮਿਸ਼ਨ ਜੰਮੂ-ਕਸ਼ਮੀਰ, ਜੰਮੂ
੨. ਸਿੱਖ ਮਿਸ਼ਨ ਪੱਛਮੀ ਬੰਗਾਲ, ਕਲਕੱਤਾ
੩. ਸਿੱਖ ਮਿਸ਼ਨ ਹਿਮਾਚਲ ਪ੍ਰਦੇਸ਼
੪. ਸਿੱਖ ਮਿਸ਼ਨ ਉੱਤਰਾਖੰਡ, ਕਾਸ਼ੀਪੁਰ
੫. ਸਿੱਖ ਮਿਸ਼ਨ ਛੱਤੀਸਗੜ੍ਹ, ਰਾਏਪੁਰ
੬. ਸਿੱਖ ਮਿਸ਼ਨ ਯੂ.ਪੀ., ਹਾਪੜ
੭. ਸਿੱਖ ਮਿਸ਼ਨ ਕੁਰੂਕਸ਼ੇਤਰ, ਹਰਿਆਣਾ
੮. ਸਿੱਖ ਮਿਸ਼ਨ ਦਿੱਲੀ
੯. ਸਿੱਖ ਮਿਸ਼ਨ ਅਹਿਮਦਾਬਾਦ, ਗੁਜਰਾਤ-ਰਾਜਸਥਾਨ
੧੦. ਸਿੱਖ ਮਿਸ਼ਨ ਮੱਧ ਪ੍ਰਦੇਸ਼, ਉਜੈਨ
੧੧. ਸਿੱਖ ਮਿਸ਼ਨ ਰਾਜਸਥਾਨ, ਗੰਗਾਨਗਰ
੧੨. ਸਿੱਖ ਮਿਸ਼ਨ ਆਂਧਰਾ ਪ੍ਰਦੇਸ਼
੧੩. ਸਿੱਖ ਮਿਸ਼ਨ ਨੇਪਾਲ, ਕਾਠਮੰਡੂ
੧੪. ਸਿੱਖ ਮਿਸ਼ਨ ਮਹਾਰਾਸ਼ਟਰ, ਨਾਗਪੁਰ

# ਦਸੰਬਰ-ਜਨਵਰੀ 2024-25

## ਪੋਹ

**ਸੰਗਰਾਂਦ – ੦੧ ਪੋਹ / 15 ਦਸੰਬਰ**
ਪੂਰਨਮਾਸੀ-੦੧ ਪੋਹ/ 15 ਦਸੰਬਰ; ੩੦ ਪੋਹ/ 13 ਜਨਵਰੀ
**ਮੱਸਿਆ – ੧੬ ਪੋਹ / 30 ਦਸੰਬਰ**

| | | | | | |
|---|---|---|---|---|---|
| ਐਤਵਾਰ Sunday | ੨੯ 12 ਜਨਵਰੀ | ੧ 15 ਦਸੰਬਰ | ੮ 22 ਦਸੰਬਰ | ੧੫ 29 ਦਸੰਬਰ | ੨੨ 5 ਜਨਵਰੀ |
| ਸੋਮਵਾਰ Monday | ੩੦ 13 ਜਨਵਰੀ | ੨ 16 ਦਸੰਬਰ | ੯ 23 ਦਸੰਬਰ | ੧੬ 30 ਦਸੰਬਰ | ੨੩ 6 ਜਨਵਰੀ |
| ਮੰਗਲਵਾਰ Tuesday | | ੩ 17 ਦਸੰਬਰ | ੧੦ 24 ਦਸੰਬਰ | ੧੭ 31 ਦਸੰਬਰ | ੨੪ 7 ਜਨਵਰੀ |
| ਬੁੱਧਵਾਰ Wednesday | | ੪ 18 ਦਸੰਬਰ | ੧੧ 25 ਦਸੰਬਰ | ੧੮ 1 ਜਨਵਰੀ | ੨੫ 8 ਜਨਵਰੀ |
| ਵੀਰਵਾਰ Thursday | | ੫ 19 ਦਸੰਬਰ | ੧੨ 26 ਦਸੰਬਰ | ੧੯ 2 ਜਨਵਰੀ | ੨੬ 9 ਜਨਵਰੀ |
| ਸ਼ੁੱਕਰਵਾਰ Friday | | ੬ 20 ਦਸੰਬਰ | ੧੩ 27 ਦਸੰਬਰ | ੨੦ 3 ਜਨਵਰੀ | ੨੭ 10 ਜਨਵਰੀ |
| ਸ਼ਨਿੱਚਰਵਾਰ Saturday | | ੭ 21 ਦਸੰਬਰ | ੧੪ 28 ਦਸੰਬਰ | ੨੧ 4 ਜਨਵਰੀ | ੨੮ 11 ਜਨਵਰੀ |

## ਬਾਰਹ ਮਾਹਾ ਮਾਂਝ

**ਪੋਖਿ** ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥ ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥ ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥ ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥ ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥ ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ॥ ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥ ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥ ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ॥੧੧॥

## ਬਾਰਹ ਮਾਹਾ ਤੁਖਾਰੀ

**ਪੋਖਿ** ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ॥ ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ॥ ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ॥ ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥ ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ॥ ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ॥੧੪॥

## ਗੁਰਪੁਰਬ

| | | |
|---|---|---|
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ | ੨੩ | ਪੋਹ |

## ਇਤਿਹਾਸਕ ਦਿਹਾੜੇ

| | | |
|---|---|---|
| ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ ਛੱਡਣਾ | ੦੬ | ਪੋਹ |
| ਪਰਿਵਾਰ ਵਿਛੋੜਾ ਸਰਸਾ ਨੰਗਲ | ੦੭ | ਪੋਹ |
| ਸ਼ਹੀਦੀ ਦਿਹਾੜਾ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) | ੦੭ | ਪੋਹ |
| ਸ਼ਹੀਦੀ ਵੱਡੇ ਸਾਹਿਬਜ਼ਾਦੇ ਅਤੇ ਚਮਕੌਰ ਸਾਹਿਬ ਦੇ ਹੋਰ ਸ਼ਹੀਦ | ੦੮ | ਪੋਹ |
| ਸ਼ਹੀਦੀ ਦਿਹਾੜਾ ਭਾਈ ਸੰਗਤ ਸਿੰਘ ਜੀ | ੦੯ | ਪੋਹ |
| ਸ਼ਹੀਦੀ ਦਿਹਾੜਾ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ | ੧੩ | ਪੋਹ |
| ਸ਼ਹੀਦੀ ਭਾਈ ਕੇਹਰ ਸਿੰਘ ਤੇ ਭਾਈ ਸਤਵੰਤ ਸਿੰਘ | ੨੩ | ਪੋਹ |

## ਧਰਮ ਪ੍ਰਚਾਰ ਕਮੇਟੀ ਵੱਲੋਂ ਚਲਾਏ ਜਾ ਰਹੇ ਧਾਰਮਿਕ ਵਿਦਿਅਕ ਅਦਾਰੇ

**੧. ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ, ੨. ਗੁਰਮਤਿ ਸੰਗੀਤ ਅਕੈਡਮੀ, ਅਨੰਦਪੁਰ ਸਾਹਿਬ, ੩. ਬੇਬੇ ਨਾਨਕੀ ਸਿੱਖ ਮਿਸ਼ਨਰੀ ਕਾਲਜ, ਸੁਲਤਾਨਪੁਰ ਲੋਧੀ, ਕਪੂਰਥਲਾ, ੪. ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ, ਤਲਵੰਡੀ ਸਾਬੋ (ਬਠਿੰਡਾ), ੫. ਗੁਰਮਤਿ ਸੰਗੀਤ ਅਕੈਡਮੀ, ਸੇਖੂਪੁਰਾ ਮੰਚੂਰੀ (ਹਰਿਆਣਾ), ੬. ਸੰਤ ਫਤਿਹ ਸਿੰਘ ਚੰਨਣ ਸਿੰਘ ਸਿੱਖ ਮਿਸ਼ਨਰੀ ਕਾਲਜ, ਬੁੱਢਾ ਜੌਹੜ (ਰਾਜਸਥਾਨ), ੭. ਸ਼ਹੀਦ ਸੰਗੀਤ ਵਿਦਿਆਲਾ, ਬਾਦੀਆਂ (ਸ੍ਰੀ ਮੁਕਤਸਰ ਸਾਹਿਬ), ੮. ਗੁਰੂ ਨਾਨਕ ਗੁਰਮਤਿ ਸਿਖਲਾਈ ਵਿਦਿਆਲਾ, ਡੇਰਾ ਬਾਬਾ ਨਾਨਕ (ਗੁਰਦਾਸਪੁਰ) ੯. ਸ਼ਹੀਦ ਬਾਬਾ ਦੀਪ ਸਿੰਘ ਗੁਰਮਤਿ ਵਿਦਿਆਲਾ, ਬਖਸ਼ੀਵਾਲਾ ਕੋਠੀ (ਬਰਨਾਲਾ), ੧੦. ਸਰਦਾਰ ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ, ਕਾਲਾ ਮਾਲਾ ਛਾਪਾ (ਬਰਨਾਲਾ), ੧੧. ਸੰਤ ਕਰਤਾਰ ਸਿੰਘ ਜੀ ਖ਼ਾਲਸਾ ਸਿੱਖ ਮਿਸ਼ਨਰੀ ਕਾਲਜ, ਭੂਰਾ ਕੋਹਨਾ (ਤਰਨ ਤਾਰਨ), ੧੨. ਭਾਈ ਗੁਰਦਾਸ ਗੁਰਮਤਿ ਵਿਦਿਆਲਾ, ਆਲਮਗੀਰ (ਲੁਧਿਆਣਾ), ੧੩. ਭਾਈ ਗੁਰਦਾਸ ਗੁਰਮਤਿ ਵਿਦਿਆਲਾ, ਜੁਬਲੀ ਧਰਮਸ਼ਾਲਾ, ਫਿਰੋਜ਼ਪੁਰ, ੧੪. ਗਿਆਨੀ ਸੋਹਣ ਸਿੰਘ ਸੀਤਲ ਢਾਡੀ/ਕਵੀਸ਼ਰ ਗੁਰਮਤਿ ਮਿਸ਼ਨਰੀ ਕਾਲਜ, ਗੁਰੂ ਕੀ ਵਡਾਲੀ, ਸ੍ਰੀ ਅੰਮ੍ਰਿਤਸਰ, ੧੫. ਬੇਬੇ ਨਾਨਕੀ ਗੁਰਮਤਿ ਸੰਗੀਤ ਅਕੈਡਮੀ ਲੜਕੀਆਂ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ, ੧੬. ਸ੍ਰੀ ਗੁਰੂ ਰਾਮਦਾਸ ਜੀ ਗੁਰਮਤਿ ਸੰਗੀਤ ਵਿਦਿਆਲਾ ਸ਼ਾਹਜਹਾਨਪੁਰ (ਯੂ.ਪੀ.), ੧੭. ਸ੍ਰੀ ਗੁਰੂ ਨਾਨਕ ਗੁਰਮਤਿ ਵਿਦਿਆਲਾ ਰਾਏਪੁਰ ਛੱਤੀਸਗੜ੍ਹ।**

## ਬਾਰਹ ਮਾਹਾ ਮਾਂਝ

**ਮਾਘਿ** ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥ ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥ ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥ ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥ ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥ ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥ ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ॥ ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥

## ਬਾਰਹ ਮਾਹਾ ਤੁਖਾਰੀ

**ਮਾਘਿ** ਪੁਨੀਤ ਭਈ ਤੀਰਥੁ ਅੰਤਰਿ ਜਾਨਿਆ॥ ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ॥ ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ॥ ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ॥ ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ॥ ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ॥੧੫॥

# ਜਨਵਰੀ-ਫਰਵਰੀ 2025

## ਮਾਘ

ਸੰਗਰਾਂਦ – ੦੧ ਮਾਘ / 14 ਜਨਵਰੀ

ਮੱਸਿਆ – ੧੬ ਮਾਘ / 29 ਜਨਵਰੀ

| | | | | | |
|---|---|---|---|---|---|
| ਐਤਵਾਰ Sunday | | ੬ 19 ਜਨਵਰੀ | ੧੩ 26 ਜਨਵਰੀ | ੨੦ 2 ਫਰਵਰੀ | ੨੭ 9 ਫਰਵਰੀ |
| ਸੋਮਵਾਰ Monday | | ੭ 20 ਜਨਵਰੀ | ੧੪ 27 ਜਨਵਰੀ | ੨੧ 3 ਫਰਵਰੀ | ੨੮ 10 ਫਰਵਰੀ |
| ਮੰਗਲਵਾਰ Tuesday | ੧ 14 ਜਨਵਰੀ | ੮ 21 ਜਨਵਰੀ | ੧੫ 28 ਜਨਵਰੀ | ੨੨ 4 ਫਰਵਰੀ | ੨੯ 11 ਫਰਵਰੀ |
| ਬੁੱਧਵਾਰ Wednesday | ੨ 15 ਜਨਵਰੀ | ੯ 22 ਜਨਵਰੀ | ੧੬ 29 ਜਨਵਰੀ | ੨੩ 5 ਫਰਵਰੀ | |
| ਵੀਰਵਾਰ Thursday | ੩ 16 ਜਨਵਰੀ | ੧੦ 23 ਜਨਵਰੀ | ੧੭ 30 ਜਨਵਰੀ | ੨੪ 6 ਫਰਵਰੀ | |
| ਸ਼ੁੱਕਰਵਾਰ Friday | ੪ 17 ਜਨਵਰੀ | ੧੧ 24 ਜਨਵਰੀ | ੧੮ 31 ਜਨਵਰੀ | ੨੫ 7 ਫਰਵਰੀ | |
